How you want to be treated.

# ਮੈਮੋਰੰਡਮ

ਵੱਲ ਵਸਨੀਕ, ਪਰਿਵਾਰ ਅਤੇ ਦੋਸਤ

ਵੱਲੋਂ ਲੰਬੀ-ਮਿਆਦ ਦੀ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਜੀਵਨ ਦੇ ਪ੍ਰੋਗਰਾਮ ਡਾਇਰੈਕਟਰ, ਭਵਨ ਮਨਹਾਸ ਦੀ ਤਰਫ਼ੋਂ ਸੰਚਾਰ

ਤਾਰੀਖ 16 ਜੁਲਾਈ 2021

ਵਿਸ਼ਾ: ਜਾਣਕਾਰੀ ਬੁਲੇਟਿਨ: ਲੰਬੇ ਸਮੇਂ ਦੀ ਦੇਖਭਾਲ ਵਿੱਚ ਮੁਲਾਕਾਤਾਂ ਬਾਰੇ ਤਾਜ਼ਾ ਸੇਧਾਂ

ਜਿਵੇਂ ਕਿ ਸ਼ਾਇਦ ਤੁਸੀਂ ਜਾਣਦੇ ਹੀ ਹੋਵੋਗੇ, ਬੀ.ਸੀ. ਸਿਹਤ ਮੰਤਰਾਲੇ (MoH) ਨੇ ਸਾਰੇ ਲੰਮੀ-ਮਿਆਦ ਦੀ ਦੇਖਭਾਲ (Long-term Care, LTC) ਅਤੇ ਸਹਾਇਤਾ ਪ੍ਰਾਪਤ ਜ਼ਿੰਦਗੀ (Assisted Living, AL) ਘਰਾਂ ਨੂੰ ਮੁਲਾਕਾਤਾਂ ਨਾਲ ਸੰਬੰਧਿਤ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ, ਅਤੇ ਇਹ ਤਬਦੀਲੀਆਂ 19 ਜੁਲਾਈ, 2021 ਤੋਂ ਲਾਗੂ ਹੋ ਰਹੀਆਂ ਹਨ।

ਪ੍ਰੋਵੀਡੈਂਸ ਹੈਲਥ ਕੇਅਰ ਦੇ ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ (IPAC) ਦੇ ਭਾਈਵਾਲਾਂ ਅਤੇ ਮਹਾਂਮਾਰੀ ਪ੍ਰਤਿਕਿਰਿਆ ਟੀਮ ਨਾਲ ਸਲਾਹ-ਮਸ਼ਵਰੇ ਤੋਂ ਬਾਅਦ, ਸਾਨੂੰ ਹੇਠਾਂ ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਸੰਬੰਧੀ ਵਿਸਤ੍ਰਿਤ ਅੱਪਡੇਟ ਸਾਂਝੇ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਸਾਡੀਆਂ ਸੁਰੱਖਿਆ ਯੋਜਨਾਵਾਂ ਇਹ ਪੱਕਾ ਕਰਦੀਆਂ ਹਨ ਕਿ ਮਹਾਂਮਾਰੀ ਦੇ ਇਸ ਅਗਲੇ ਪੜਾਅ ਦੌਰਾਨ ਵਸਨੀਕਾਂ, ਦੇਖਭਾਲ ਟੀਮਾਂ ਅਤੇ ਘਰਾਂ ਦੀ ਸੁਰੱਖਿਆ ਪ੍ਰਮੁੱਖ ਤਰਜੀਹ ਬਣੀ ਰਹੇ।

ਸਾਡੇ ਦੇਖਭਾਲ ਘਰ ਵਧਾਈਆਂ ਗਈਆਂ ਮੁਲਾਕਾਤਾਂ ਵਿੱਚ ਸਹਾਇਤਾ ਕਰਨ ਲਈ ਬਹੁਤ ਉਤਸ਼ਾਹਿਤ ਹਨ ਅਤੇ ਵਧੇਰੇ ਆਸਾਨੀ ਅਤੇ ਲਚਕੀਲੇਪਨ ਨਾਲ ਮੁਲਾਕਾਤੀਆਂ ਅਤੇ ਸਵੈ-ਸੇਵਕਾਂ ਦੇ ਵਾਪਸ ਆਉਣ ਦੀ ਉਡੀਕ ਵਿੱਚ ਹਨ।

ਚੀਜ਼ਾਂ ਨੂੰ ਵਿਵਸਥਿਤ ਕਰਨ ਦੇ ਇਸ ਸਮੇਂ ਦੌਰਾਨ ਤੁਹਾਡੇ ਧੀਰਜ ਅਤੇ ਹਮਦਰਦੀ ਲਈ ਅਸੀਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

## ਆਮ ਮੁਲਾਕਾਤਾਂ ਸੰਬੰਧੀ ਦਿਸ਼ਾ-ਨਿਰਦੇਸ਼

- ਸਾਡੇ ਦੇਖਭਾਲ ਘਰਾਂ ਵਿੱਚ ਆਪਣੇ ਪਿਆਰਿਆਂ ਨਾਲ ਮੁਲਾਕਾਤ ਲਈ ਹੁਣ **ਪਹਿਲਾਂ ਤੋਂ ਬੁਕਿੰਗ ਕਰਨ ਜਾਂ ਸਮਾਂ-ਸੀਮਾਵਾਂ ਦੀ ਲੋੜ ਨਹੀਂ ਹੈ।**
- ਦੇਖਭਾਲ ਘਰ ਵਿੱਚ ਪਹੁੰਚਣ ਤੋਂ ਪਹਿਲਾਂ, ਅਸੀਂ ਤੁਹਾਨੂੰ [BC Thrive ਐਪ ਜਾਂ ਵੈੱਬਸਾਈਟ]() ਦੀ ਵਰਤੋਂ ਕਰ ਕੇ ਕੋਵਿਡ-19 ਲਈ **ਸਵੈ-ਜਾਂਚ ਕਰਨ ਲਈ ਕਹਿੰਦੇ ਹਾਂ। ਜੇ ਤੁਹਾਡੇ ਵਿੱਚ ਕੋਈ ਲੱਛਣ ਹੋਣ, ਤਾਂ ਕਿਰਪਾ ਕਰ ਕੇ ਦੇਖਭਾਲ ਘਰ ਨਾ ਆਓ ਅਤੇ ਕੋਵਿਡ-19 ਦਾ ਟੈਸਟ ਟੈਸਟ ਕਰਾਉਣ ਬਾਰੇ BC Thrive ਐਪ ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।**
- ਮੁਲਾਕਾਤਾਂ ਦੇ ਸੰਭਾਵੀ ਵਾਧੇ ਨੂੰ ਸਮਾਯੋਜਿਤ ਕਰਨ ਲਈ, ਸਰੀਰਕ ਦੂਰੀ ਬਰਕਰਾਰ ਰੱਖਣ ਲਈ ਅਤੇ ਨਿਵਾਸੀਆਂ ਦੀ ਸੁਰੱਖਿਆ ਨੂੰ ਪੱਕਾ ਕਰਨ ਲਈ, **ਅਸੀਂ ਹਰ ਖੇਤਰ ਲਈ ਮੁਲਾਕਾਤ ਦਾ ਸਮਾਂ ਅਤੇ ਅਧਿਕਤਮ ਸਮਰੱਥਾ ਨੂੰ ਨਿਯਤ ਕੀਤਾ ਹੈ।** WorkSafe BC ਅਤੇ ਸਾਈਟ ਸਮਰੱਥਾ ਸੁਰੱਖਿਆ ਯੋਜਨਾਵਾਂ, ਸੁਰੱਖਿਅਤ ਮੁਲਾਕਾਤਾਂ ਲਈ ਅਧਿਕਤਮ ਲੋਕਾਂ ਬਾਰੇ ਜਾਣਕਾਰੀ ਦਿੰਦੀਆਂ ਹਨ।
  - ਸਕ੍ਰੀਨਿੰਗ ਵਿਧੀਆਂ ਨੂੰ ਸਮਾਯੋਜਿਤ ਕਰਨ ਲਈ **ਮੁਲਾਕਾਤਾਂ ਦਾ ਸਮਾਂ 1800 (ਸ਼ਾਮ 6 ਵਜੇ) ਤੱਕ ਹੋਵੇਗਾ।** ਜੇ ਤੁਹਾਨੂੰ ਇਸ ਸਮੇਂ ਤੋਂ ਬਾਹਰ ਮੁਲਾਕਾਤ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਨਿਵਾਸੀ ਦੇਖਭਾਲ ਮੈਨੇਜਰ ਨਾਲ ਸੰਪਰਕ ਕਰੋ, ਜੋ ਖੁਸ਼ੀ ਨਾਲ ਤੁਹਾਡੀ ਮੁਲਾਕਾਤ ਦੀ ਵਿਵਸਥਾ ਕਰੇਗਾ।
  - **ਮੁਲਾਕਾਤੀਆਂ ਦੀ ਸਮਰੱਥਾ** ਹਰੇਕ ਵਿਅਕਤੀਗਤ ਦੇਖਭਾਲ ਘਰ ਦੁਆਰਾ ਨਿਰਧਾਰਤ ਕੀਤੀ ਜਾਵੇਗੀ। ਜੇ ਤੁਹਾਨੂੰ ਚਿੰਤਾ ਹੈ ਕਿ ਸੀਮਿਤ ਜਗ੍ਹਾ ਦੇ ਕਾਰਨ ਤੁਸੀਂ ਮੁਲਾਕਾਤ ਕਰ ਸਕੋਗੇ ਜਾਂ ਨਹੀਂ, ਤਾਂ ਕਿਰਪਾ ਕਰਕੇ ਪਹਿਲਾਂ ਕਾਲ ਕਰਕੇ ਇਸਦੀ ਪੁਸ਼ਟੀ ਕਰ ਲਓ। ਤੁਹਾਡੇ ਆਉਣ 'ਤੇ, ਜਾਂਚ ਕਰਨ ਵਾਲੇ ਅਤੇ ਮੁਲਾਕਾਤ ਸਹਾਇਤਾ ਕਰਮਚਾਰੀ ਸਮਰੱਥਾ ਸੰਬੰਧੀ ਦਿਸ਼ਾ-ਨਿਰਦੇਸ਼ ਮੁਹੱਈਆ ਕਰਵਾਉਣਗੇ।

- ਪਹਿਲਾਂ ਤੋਂ ਬੁਕਿੰਗ ਕੀਤੇ ਬਿਨਾਂ ਲੋੜੀਂਦੀਆਂ ਮੁਲਾਕਾਤਾਂ ਦੀ ਵੱਧਦੀ ਹੋਈ ਗਿਣਤੀ ਦੇ ਕਾਰਨ, ਸਾਡਾ ਅਨੁਮਾਨ ਹੈ ਕਿ ਸਰੀਰਕ ਦੂਰੀ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਮੁਲਾਕਾਤਾਂ ਲਈ ਥਾਵਾਂ ਨੂੰ ਸਾਂਝੇ ਤੌਰ 'ਤੇ ਵਰਤਣ ਵਿੱਚ ਮੁਸ਼ਕਿਲਾਂ ਆ ਸਕਦੀਆਂ ਹਨ। ਹਰ ਕਿਸੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਅਸੀਂ ਤੁਹਾਨੂੰ ਤੁਹਾਡੇ ਰੁਕਣ ਦੇ ਸਮੇਂ ਅਤੇ ਤੁਹਾਡੇ ਦੁਆਰਾ ਵਰਤੀ ਜਾਣ ਵਾਲੀ ਥਾਂ ਦੇ ਬਾਰੇ ਵਿਚਾਰਸ਼ੀਲ ਬਣਨ ਲਈ ਕਹਾਂਗੇ।
- **ਇੱਕ ਤੋਂ ਜ਼ਿਆਦਾ ਨਿਵਾਸੀਆਂ ਵਾਲੇ ਕਮਰੇ ਵਿੱਚ ਮੁਲਾਕਾਤ ਕਰਨੀ:**
    - ਜਿੱਥੇ ਵੀ ਸੰਭਵ ਹੋਵੇ, ਅਸੀਂ ਤੁਹਾਨੂੰ ਕਿਸੇ ਨਿਵਾਸੀ ਨਾਲ ਉਸਦੇ ਕਮਰੇ ਤੋਂ ਬਾਹਰ ਕਿਸੇ ਅਲੱਗ ਮਨੋਨੀਤ ਥਾਂ 'ਤੇ ਮਿਲਣ ਲਈ ਉਤਸ਼ਾਹਿਤ ਕਰਾਂਗੇ। ਜੇ ਤੁਹਾਨੂੰ ਕੋਈ ਚਿੰਤਾ ਹੈ, ਤਾਂ ਕਿਰਪਾ ਕਰਕੇ ਦੇਖਭਾਲ ਟੀਮ ਦੇ ਮੈਂਬਰ ਨਾਲ ਸੰਪਰਕ ਕਰੋ।
    - ਜੇ ਤੁਸੀਂ ਬਹੁ-ਬਿਸਤਰੇ ਵਾਲੇ ਕਮਰੇ ਵਿੱਚ ਕਿਸੇ ਨਿਵਾਸੀ ਨੂੰ ਮਿਲਣ ਦੀ ਚੋਣ ਕਰਦੇ ਹੋ, **ਤਾਂ ਅਸੀਂ ਤੁਹਾਨੂੰ ਆਪਣੇ ਗਰੁੱਪ ਨੂੰ 3 ਤੋਂ ਘੱਟ ਲੋਕਾਂ ਤਕ ਸੀਮਤ ਕਰਨ ਲਈ ਕਹਿੰਦੇ ਹਾਂ,** ਅਤੇ ਇੱਕ ਸਮੇਂ ਸਿਰਫ ਇੱਕ ਹੀ ਗਰੁੱਪ ਮਿਲ ਸਕਦਾ ਹੈ।
    - ਜੇ ਤੁਸੀਂ ਬਹੁ-ਬਿਸਤਰੇ ਵਾਲੇ ਕਮਰੇ ਵਿੱਚ ਮੁਲਾਕਾਤ ਲਈ ਜਾ ਰਹੇ ਹੋ, ਤਾਂ ਸਾਡੇ ਮੈਡੀਕਲ ਸਿਹਤ ਅਧਿਕਾਰੀ ਦੀ ਸਲਾਹ 'ਤੇ, **ਤੁਹਾਨੂੰ ਡਾਕਟਰੀ ਗ੍ਰੇਡ ਦਾ ਮਾਸਕ ਪਾਉਣ ਅਤੇ ਪਰਦੇ ਬੰਦ ਕਰਨ ਦੀ ਲੋੜ ਹੋਵੇਗੀ।**
    - ਜੇ ਤੁਸੀਂ ਜ਼ਿਆਦਾ ਵੱਡੇ ਸਮੂਹ ਵਿੱਚ ਮੁਲਾਕਾਤ ਲਈ ਆਉਣਾ ਚਾਹੁੰਦੇ ਹੋ (ਜਿਵੇਂ ਕਿ 4 ਵਿਅਕਤੀਆਂ ਤੋਂ ਜ਼ਿਆਦਾ), ਤਾਂ ਅਸੀਂ ਤੁਹਾਨੂੰ ਪਹਿਲਾਂ ਕਾਲ ਕਰਨ ਲਈ ਕਹਿੰਦੇ ਹਾਂ, ਤਾਂ ਜੋ ਅਸੀਂ ਸਰੀਰਕ ਦੂਰੀ ਨੂੰ ਪੱਕਾ ਕਰਦੇ ਹੋਏ ਤੁਹਾਡੀ ਮੁਲਾਕਾਤ ਦੀ ਵਿਵਸਥਾ ਕਰ ਸਕੀਏ।
- **ਦੇਖਭਾਲ ਘਰ ਤੋਂ ਬਾਹਰ ਮੁਲਾਕਾਤ ਕਰਨੀ**
    - ਜੇ ਤੁਸੀਂ ਮਹਾਂਮਾਰੀ ਤੋਂ ਪਹਿਲਾਂ ਦੇ ਸਮੇਂ ਵਾਂਗ, ਦੇਖਭਾਲ ਘਰ ਤੋਂ ਬਾਹਰ ਜਾਂ ਪੂਰੀ ਰਾਤ ਲਈ ਮੁਲਾਕਾਤ ਦੀ ਯੋਜਨਾ ਬਣਾ ਰਹੇ ਹੋ, ਤਾਂ ਅਸੀਂ ਤੁਹਾਨੂੰ ਦੇਖਭਾਲ ਟੀਮ ਦੇ ਕਿਸੇ ਮੈਂਬਰ ਨਾਲ ਇਸਦੀ ਵਿਵਸਥਾ ਅਤੇ ਇਸ ਬਾਰੇ ਚਰਚਾ ਕਰਨ ਲਈ ਕਹਿੰਦੇ ਹਾਂ। ਇਸ ਨਾਲ ਇਹ ਨਿਸ਼ਚਿਤ ਹੁੰਦਾ ਕਿ ਕਿਸੇ ਵੀ ਨਿਵਾਸੀ ਦੀਆਂ ਦੇਖਭਾਲ ਦੀਆਂ ਲੋੜਾਂ (ਦਵਾਈਆਂ ਸਮੇਤ) ਬਾਰੇ ਯੋਜਨਾ ਬਣਾਈ ਜਾ ਸਕੇ।

## ਟੀਕੇ ਦਾ ਪੁਸ਼ਟੀਕਰਨ

- ਪਬਲਿਕ ਹੈਲਥ ਆਰਡਰ ਅਤੇ ਸਿਹਤ ਮੰਤਰਾਲੇ (MoH) ਦੇ ਨਿਰਦੇਸ਼ਾਂ ਅਨੁਸਾਰ, ਤੁਹਾਨੂੰ ਹੁਣ **ਆਪਣੀ ਟੀਕਾਕਰਨ ਸਥਿਤੀ ਦੇ ਸਬੂਤ ਦਿਖਾਉਣ** ਦੀ ਲੋੜ ਪਵੇਗੀ। ਇਹ ਨਿਰਦੇਸ਼ ਦੇਖਭਾਲ ਘਰ ਦੇ ਅੰਦਰ ਕੋਵਿਡ-19 ਦੇ ਸੰਪਰਕ ਵਿੱਚ ਆਉਣ ਦੀ ਸਥਿਤੀ 'ਤੇ ਜਨਤਕ ਸਿਹਤ ਫੈਸਲਿਆਂ ਦਾ ਸਮਰਥਨ ਕਰਦੇ ਹਨ।
- **ਤੁਹਾਡੀ ਪਹਿਲੀ ਮੁਲਾਕਾਤ ਲਈ ਦੇਖਭਾਲ ਘਰ ਪਹੁੰਚਣ 'ਤੇ,** ਸਕ੍ਰੀਨਰ ਤੁਹਾਨੂੰ ਸਬੂਤ ਦਿਖਾਉਣ ਲਈ ਕਹੇਗਾ ਅਤੇ ਇਸਨੂੰ ਦਰਜ ਕਰੇਗਾ। ਅਗਲੀਆਂ ਮੁਲਾਕਾਤਾਂ ਵੇਲੇ ਤੁਹਾਨੂੰ ਸਬੂਤ ਦਿਖਾਉਣ ਦੀ ਲੋੜ ਨਹੀਂ ਹੋਵੇਗੀ। ਤੁਹਾਡੀ ਜਾਣਕਾਰੀ ਗੁਪਤ ਹੁੰਦੀ ਹੈ ਅਤੇ ਦੂਜਿਆਂ ਨਾਲ ਸਾਂਝੀ ਨਹੀਂ ਕੀਤੀ ਜਾਵੇਗੀ।
- **ਜੇ ਤੁਹਾਡਾ ਪੂਰਾ ਟੀਕਾਕਰਨ* ਨਹੀਂ ਹੋਇਆ ਹੈ,** ਜਾਂ ਸਬੂਤ ਨਹੀਂ ਦਿੰਦੇ ਹੋ, ਤਾਂ ਵੀ ਤੁਸੀਂ ਆਪਣੀ ਮੁਲਾਕਾਤ ਨਾਲ ਅੱਗੇ ਵੱਧ ਸਕਦੇ ਹੋ, ਬਸ਼ਰਤੇ ਤੁਸੀਂ ਸਕ੍ਰੀਨਿੰਗ ਅਤੇ IPSC ਵਿਧੀਆਂ ਦੀ ਪਾਲਣਾ ਕਰਦੇ ਹੋ, **ਜਿਸ ਵਿੱਚ ਤੁਹਾਡੀ ਮੁਲਾਕਾਤ ਦੇ ਪੂਰੇ ਸਮੇਂ ਦੌਰਾਨ ਡਾਕਟਰੀ ਗ੍ਰੇਡ ਦਾ ਮਾਸਕ ਪਾਉਣ ਦੀ ਲੋੜ ਵੀ ਸ਼ਾਮਲ ਹੈ।**

***ਪੂਰੇ ਟੀਕਾਕਰਨ ਦੀ ਪਰਿਭਾਸ਼ਾ ਹੈ, ਹੈਲਥ ਕੈਨੇਡਾ ਵਾਲੋਂ ਪ੍ਰਵਾਨਿਤ ਟੀਕੇ (ਅਰਥਾਤ Pfizer, Moderna, AstraZeneca ਅਤੇ Johnson and Johnson) ਦੀ ਦੂਜੀ ਖੁਰਾਕ ਦੇ ਬਾਅਦ 14 ਦਿਨ ਬੀਤ ਜਾਣੇ।***

## ਲਾਗ ਦੀ ਰੋਕਥਾਮ ਅਤੇ ਕੰਟਰੋਲ ਸੰਬੰਧੀ ਸਾਵਧਾਨੀਆਂ

- ਕੋਵਿਡ-19 ਅਤੇ ਹੋਰ ਆਮ ਰੋਗਾਣੂਆਂ, ਜੋ ਕਿ ਦੇਖਭਾਲ ਘਰ ਦੇ ਨਿਵਾਸੀਆਂ ਅਤੇ ਦੇਖਭਾਲ ਘਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਦੇ ਫੈਲਣ ਦੇ ਜੋਖਮ ਨੂੰ ਘੱਟ ਕਰਨ ਲਈ **ਹੱਥਾਂ ਦੀ ਸਫ਼ਾਈ ਅਤੇ ਮਾਸਕ ਪਹਿਨਣ ਦੀ ਲੋੜ** ਇੱਕ ਮਹੱਤਵਪੂਰਨ ਉਪਾਅ ਬਣੇ ਹੋਏ ਹਨ।

ਅਸੀਂ ਤੁਹਾਨੂੰ ਆਪਣੀ ਮੁਲਾਕਾਤ ਦੀ ਸ਼ੁਰੂਆਤ 'ਤੇ, ਇਸਦੇ ਪੂਰੇ ਸਮੇਂ ਦੌਰਾਨ ਅਤੇ ਇਸਦੀ ਸਮਾਪਤੀ 'ਤੇ ਹੱਥਾਂ ਦੀ ਸਫ਼ਾਈ ਵੱਲ ਖਾਸ ਧਿਆਨ ਦੇਣਾ ਜਾਰੀ ਰੱਖਣ ਲਈ ਕਹਿੰਦੇ ਹਾਂ।

- ਤੁਹਾਡੀ ਮੁਲਾਕਾਤ ਲਈ ਪਹੁੰਚਣ 'ਤੇ **ਸਕ੍ਰੀਨਿੰਗ ਦੇ ਅਭਿਆਸ** ਪ੍ਰਭਾਵੀ ਬਣੇ ਰਹਿਣਗੇ। ਸੰਪਰਕ ਟ੍ਰੇਸਿੰਗ ਉਪਾਵਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਕ੍ਰੀਨਰ ਸੰਪਰਕ ਜਾਣਕਾਰੀ ਦੀ ਮੰਗ ਕਰਨਾ ਅਤੇ ਰੋਜ਼ਾਨਾ ਮੁਲਾਕਾਤ ਸੰਬੰਧੀ ਜਾਣਕਾਰੀ ਨੂੰ ਦਰਜ ਕਰਨਾ ਜਾਰੀ ਰੱਖਣਗੇ।
- **ਸਰੀਰਕ ਦੂਰੀ** ਇੱਕ ਪ੍ਰਮੁੱਖ ਸਾਵਧਾਨੀ ਬਣੀ ਰਹੇਗੀ। ਅਸੀਂ ਤੁਹਾਨੂੰ ਜਿੱਥੇ ਵੀ ਸੰਭਵ ਹੋਵੇ, ਦੂਜਿਆਂ ਤੋਂ 2 ਮੀਟਰ ਦੀ ਦੂਰੀ ਬਣਾ ਕੇ ਰੱਖਣ ਦਾ ਧਿਆਨ ਰੱਖਣ ਲਈ ਕਹਿੰਦੇ ਹਾਂ। ਮੁਲਾਕਾਤੀਆਂ ਨੂੰ ਹਾਲੇ ਵੀ ਦੇਖਭਾਲ ਘਰ ਦੇ ਆਲੇ-ਦੁਆਲੇ ਆਵਾਜਾਈ ਨੂੰ ਸੀਮਤ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।
- **ਨਿੱਜੀ ਸੁਰੱਖਿਆ ਦੇ ਉਪਕਰਣ**
    - **ਪੂਰਾ ਟੀਕਾਕਰਨ ਕਰਵਾਏ ਹੋਏ ਮੁਲਾਕਾਤੀਆਂ** ਨੂੰ ਦੇਖਭਾਲ ਘਰ ਅਤੇ ਸਾਂਝੇ ਖੇਤਰਾਂ ਵਿੱਚੋਂ ਲੰਘਣ ਸਮੇਂ ਡਾਕਟਰੀ ਮਾਸਕ ਪਹਿਨਣ ਦੀ ਲੋੜ ਹੋਵੇਗੀ, ਪਰ ਉਹ ਜਿਸ ਵਿਅਕਤੀ ਨੂੰ ਮਿਲਣ ਆਏ ਹਨ, ਉਸ ਨਾਲ ਸਿੱਧੇ ਸੰਪਰਕ ਦੌਰਾਨ ਉਹਨਾਂ ਨੂੰ ਮਾਸਕ ਪਹਿਨਣ ਦੀ ਲੋੜ ਨਹੀਂ ਹੋਵੇਗੀ।
    - ਰੋਗ ਦੇ ਫੈਲਣ ਜਾਂ ਕਿਸੇ ਨਿਵਾਸੀ ਦੇ ਸਵੈ-ਇਕੱਲਤਾ ਸਾਵਧਾਨੀਆਂ ਤਹਿਤ ਹੋਣ ਦੀ ਸਥਿਤੀ ਵਿੱਚ, ਕਿਰਪਾ ਕਰਕੇ ਇਹ ਨਿਰਧਾਰਿਤ ਕਰਨ ਲਈ ਕਾਲ ਕਰੋ ਕਿ ਤੁਸੀਂ ਮੁਲਾਕਾਤ ਕਰਨ ਆ ਸਕਦੇ ਹੋ ਜਾਂ ਨਹੀਂ।
- ਦੇਖਭਾਲ ਟੀਮ ਮੁਲਾਕਾਤਾਂ ਦੀ ਨਿਗਰਾਨੀ ਨਹੀਂ ਕਰੇਗੀ, ਪਰ ਜੇ ਕੋਈ ਮੁਲਾਕਾਤੀ IPAC ਦੇ ਨਿਯਮਾਂ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਉਸ ਨੂੰ ਨਰਮੀ ਨਾਲ ਇਸ ਬਾਰੇ ਯਾਦ ਕਰਵਾਇਆ ਜਾ ਸਕਦਾ ਹੈ।

## ਜਾਂਚ

- **ਮੁਲਾਕਾਤੀਆਂ ਨੂੰ ਦੇਖਭਾਲ ਘਰ ਵਿੱਚ ਕਿਸੇ ਨਿਯਮਿਤ ਜਾਂਚ ਦੀ ਲੋੜ ਨਹੀਂ ਹੋਵੇਗੀ।** ਜੇ ਤੁਹਾਨੂੰ ਲੱਛਣ ਮਹਿਸੂਸ ਹੋ ਰਹੇ ਹਨ, ਤਾਂ ਕਿਰਪਾ ਕਰਕੇ ਮੁਲਾਕਾਤ ਲਈ ਨਾ ਆਓ ਅਤੇ ਜਾਂਚ ਲਈ BC Thrive ਐਪ 'ਤੇ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰੋ।

## ਇਕੱਠ

- ਜਿਸ ਦੌਰਾਨ ਅਸੀਂ MoH ਦੇ ਹਾਲੀਆ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਕੰਮ ਕਰ ਰਹੇ ਹਾਂ, ਅਸੀਂ ਦੇਖਭਾਲ ਘਰਾਂ ਵਿੱਚ ਸਮਾਜਿਕ ਸਮਾਰੋਹਾਂ ਅਤੇ ਇਕੱਠਾਂ ਦਾ ਆਯੋਜਨ ਵੀ ਸ਼ੁਰੂ ਕਰ ਦੇਵਾਂਗੇ। ਉਸ ਸਮੇਂ ਅਸੀਂ ਮਹਿਮਾਨਾਂ ਨੂੰ ਸਿਰਫ ਖੁੱਲ੍ਹੀਆਂ ਥਾਵਾਂ 'ਤੇ ਹੋਣ ਵਾਲੇ ਇੱਕਠਾਂ ਵਿੱਚ ਹਿੱਸਾ ਲੈਣ ਹੀ ਲਈ ਬੁਲਾ ਸਕਾਂਗੇ। **ਸਾਰੇ ਇਕੱਠ ਕਿਰਿਆਸ਼ੀਲ ਸੂਬਾਈ ਸਿਹਤ ਆਦੇਸ਼ਾਂ ਦੇ ਅਨੁਰੂਪ ਹੋਣਗੇ।**

## ਮੁਲਾਕਾਤ ਬਾਰੇ ਅਪੀਲ ਅਤੇ ਪੇਸ਼ੰਟ ਕੇਅਰ ਕੁਆਲਿਟੀ ਆਫਿਸ

- ਸਾਡੀ ਮੁਲਾਕਾਤ ਅਪੀਲ ਪ੍ਰਕਿਰਿਆ ਹੇਠਾਂ ਦਿੱਤੇ ਅਨੁਸਾਰ ਬਣੀ ਹੋਈ ਹੈ:
    - ਜੇ ਤੁਹਾਡੀਆਂ ਮੁਲਾਕਾਤਾਂ ਸੰਬੰਧੀ ਤੁਹਾਨੂੰ ਕੋਈ ਚਿੰਤਾਵਾਂ ਜਾਂ ਚੁਣੌਤੀਆਂ ਹਨ, ਤਾਂ ਅਸੀਂ ਤੁਹਾਨੂੰ ਦੇਖਭਾਲ ਟੀਮ ਦੇ ਮੁਖੀ ਜਾਂ ਰਿਹਾਇਸ਼ੀ ਦੇਖਭਾਲ ਮੈਨੇਜਰ ਨਾਲ ਸੰਪਰਕ ਕਰਨ ਲਈ ਕਹਿੰਦੇ ਹਾਂ।
    - ਜੇ ਤੁਸੀਂ ਕੇਅਰ ਹੋਮ ਦੁਆਰਾ ਦਿੱਤੇ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ, ਤੁਹਾਨੂੰ ਤਾਂ ਮੁੜ-ਵਿਚਾਰ ਕਰਨ ਵਾਸਤੇ ਕਹਿਣ ਲਈ **ਪੇਸ਼ੇਂਟ ਕੇਅਰ ਕੁਆਲਟੀ ਆਫਿਸ (PCQO)** ਨਾਲ **604-806-8284** 'ਤੇ ਸੰਪਰਕ ਕਰਨ ਜਾਂ ਉਹਨਾਂ ਨੂੰ **jsilver@providencehealth.bc.ca** 'ਤੇ ਈਮੇਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
    - ਜੇ ਤੁਸੀਂ PHC ਦੀ ਤਰਫ਼ੋਂ ਦਿੱਤੇ ਗਏ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਇਹ ਮੁੱਦਾ PCQO ਰਾਹੀਂ ਜਾਂ ਸੁਤੰਤਰ ਤੌਰ 'ਤੇ Hlth.visitorappeal@gov.bc.ca 'ਤੇ ਮੇਲ ਰਾਹੀਂ ਪ੍ਰੋਵਿੰਸ਼ੀਅਲ ਹੈਲਥ ਆਫਿਸਰ ਕੋਲ ਭੇਜਿਆ ਜਾ ਸਕਦਾ ਹੈ।

**ਹੋਰ ਜਾਣੋ:**

- ਟੀਕਾਕਰਨ ਲਈ ਰਜਿਸਟਰ ਕਰਨ ਵਾਸਤੇ ਜਾਂ ਆਪਣੀ ਦੂਜੀ ਖੁਰਾਕ ਪ੍ਰਾਪਤ ਕਰਨ ਬਾਰੇ ਜਾਣਨ ਲਈ, ਇਹ ਵੈੱਬਸਾਈਟਾਂ ਦੇਖੋ: https://www2.gov.bc.ca/getvaccinated.html
- ਜਾਂ https://www2.gov.bc.ca/gov/content/covid-19/vaccine/dose-2

- ਬੀਸੀ ਦੀ ਮੁੜ-ਸ਼ੁਰੂਆਤ ਯੋਜਨਾ ਬਾਰੇ ਜਾਣਨ ਲਈ, ਇਹ ਵੈੱਬਸਾਈਟ ਦੇਖੋ: https://www2.gov.bc.ca/gov/content/covid-19/info/restart
- ਲੰਬੇ ਸਮੇਂ ਦੀ ਦੇਖਭਾਲ ਅਤੇ ਬਜ਼ੁਰਗਾਂ ਲਈ ਸਹਾਇਤਾ ਪ੍ਰਾਪਤ ਜੀਵਨ ਦੀਆਂ ਸਹੂਲਤਾਂ ਲਈ ਅੱਪਡੇਟ ਕੀਤੀ ਸੇਧ ਲਈ ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਦੀ ਵੈੱਬਸਾਈਟ 'ਤੇ ਜਾਓ।
- ਸਾਡੀਆਂ ਲੰਮੇ ਸਮੇਂ ਦੀ ਦੇਖਭਾਲ ਸਹੂਲਤਾਂ ਦੇ ਵਸਨੀਕ ਅਤੇ ਉਹਨਾਂ ਦੇ ਪਰਿਵਾਰ ਇੱਥੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।